# * ਨਿਸ਼ਾਨ ਵਾਲੇ ਪ੍ਰਸ਼ਨ

# ਪੰਜਾਬ ਵਿਧਾਨ ਸਭਾ ਸਕੱਤਰੇਤ

**ਸ਼ੁੱਕਰਵਾਰ, ਮਿਤੀ 10 ਮਾਰਚ, 2023 ਨੂੰ ਹੋਣ ਵਾਲੀ ਪੰਜਾਬ ਵਿਧਾਨ ਸਭਾ ਦੀ ਬੈਠਕ ਵਿਚ ਪੁੱਛੇ ਜਾਣ ਵਾਲੇ ਨਿਸ਼ਾਨ ਵਾਲੇ ਪ੍ਰਸ਼ਨ।**

**ਖੇਤੀ ਕਰਨ ਲਈ ਨਹਿਰੀ ਪਾਣੀ ਦੀ ਸਿੰਚਾਈ ਲਈ ਸੂਏ ਅਤੇ ਖਾਲਾਂ ਨੂੰ ਮੁੜ ਸੁਰਜੀਤ ਕਰਨਾ**

*581. **ਡਾ. ਕਸ਼ਮੀਰ ਸਿੰਘ ਸੋਹਲ, ਐਮ.ਐਲ.ਏ.:-** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਖੇਤੀ ਕਰਨ ਲਈ ਨਹਿਰੀ ਪਾਣੀ ਰਾਹੀਂ ਸਿੰਚਾਈ ਕਰਨ ਅਤੇ ਬੰਦ ਪਏ ਸੂਏ ਖਾਲਾਂ ਨੂੰ ਮੁੜ ਸੁਰਜੀਤ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ?

**ਫਤਿਹਗੜ੍ਹ ਸਾਹਿਬ ਦੇ ਪਿੰਡ ਨਵੀਪੁਰ ਵਿਖੇ ਪਸ਼ੂ ਮੰਡੀ ਮੁੜ ਸ਼ੁਰੂ ਕਰਨਾ**

*764. **ਸਰਦਾਰ ਲਖਬੀਰ ਸਿੰਘ ਰਾਏ, ਐਮ.ਐਲ.ਏ.:-** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਫਤਿਹਗੜ੍ਹ ਸਾਹਿਬ ਅਧੀਨ ਪੈਂਦੇ ਪਿੰਡ ਨਵੀਪੁਰ ਵਿਖੇ ਕਰੋੜਾ ਰੁਪਇਆ ਦੀ ਲਾਗਤ ਨਾਲ ਬਣੀ ਪਸ਼ੂ ਮੰਡੀ ਸਥਿਤ ਹੈ, ਜੋ ਕਿ ਬਹੁਤ ਲੰਮੇ ਅਰਸੇ ਤੋਂ ਪਸ਼ੂ ਮੰਡੀ ਨਾ ਲੱਗਣ ਕਾਰਨ ਬੰਦ ਪਈ ਹੈ ਅਤੇ ਬਹੁਤ ਖਰਾਬ ਹਾਲਤ ਵਿੱਚ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਇਸ ਮੰਡੀ ਨੂੰ ਮੁੜ ਸ਼ੁਰੂ ਕਰਨ ਸਬੰਧੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਨਹੀਂ ਤਾਂ ਇਸਦੇ ਕੀ ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

**ਫਰੀਦਕੋਟ ਦੇ ਪਿੰਡਾਂ ਵਿੱਚ ਮਿੰਨੀ ਬੱਸ ਸਰਵਿਸ ਸ਼ੁਰੂ ਕਰਨਾ**

*550. **ਸਰਦਾਰ ਗੁਰਦਿੱਤ ਸਿੰਘ ਸੇਖੋਂ, ਐਮ.ਐਲ.ਏ.:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕੇ ਫਰੀਦਕੋਟ ਵਿੱਚ ਬਹੁਤ ਸਾਰੇ ਪਿੰਡ ਅਜਿਹੇ ਹਨ, ਜਿੱਥੇ ਸਰਕਾਰ ਵੱਜੋਂ ਮਿੰਨੀ ਬੱਸ ਸਰਵਿਸ ਸੇਵਾ ਨਹੀਂ ਦਿਤੀ ਗਈ, ਜਿਸ ਨਾਲ ਪਿੰਡਾਂ ਦੇ ਲੋਕਾਂ ਨੂੰ ਅਤੇ ਵਿਦਿਆਰਥੀਆਂ ਨੂੰ ਬਹੁਤ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ; ਜੇਕਰ ਅਜਿਹਾ ਹੋਵੇ ਤਾਂ ਅਜਿਹੇ ਪਿੰਡਾਂ ਨੂੰ ਸਰਕਾਰ ਕਦੋਂ ਤੱਕ ਮਿੰਨੀ ਬੱਸ ਸੇਵਾ ਦੀ ਸਹੂਲਤ ਦੇ ਦੇਵੇਗੀ?

**ਤਲਵਾੜਾ ਦੇ ਪਿੰਡ ਭੰਬੋਤਾੜ, ਹਲੇੜ, ਨੌਰੰਗਪੁਰ, ਟੋਹਲੂ ਤੋਂ ਇਲਾਵਾ ਬਾਕੀ ਪਿੰਡਾਂ ਦਾ ਮਾਲ ਵਿਭਾਗ ਦਾ ਰਿਕਾਰਡ ਬਣਾਉਣਾ**

*726. **ਸਰਦਾਰ ਕਰਮਬੀਰ ਸਿੰਘ, ਐਮ.ਐਲ.ਏ.:-** ਕੀ ਮਾਲ ਮੰਤਰੀ ਕਿਰਪਾ ਕਰਕੇ ਦਸੱਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਦਸੂਹਾ ਦੇ ਤਲਵਾੜਾ ਦੇ ਪਿੰਡ ਭੰਬੋਤਾੜ, ਹਲੇੜ, ਨੌਰੰਗਪੁਰ, ਟੋਹਲੂ ਤੋਂ ਇਲਾਵਾ ਕਈ ਪਿੰਡਾਂ ਦਾ ਮਾਲ ਵਿਭਾਗ ਦਾ ਰਿਕਾਰਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਬਾਕੀ ਪਿੰਡਾਂ ਵਿੱਚ ਮਾਲ ਵਿਭਾਗ ਦਾ ਰਿਕਾਰਡ ਬਣਾਉਣ ਵਾਸਤੇ ਯਤਨਸ਼ੀਲ ਹੈ; ਜੇਕਰ ਹਾਂ ਤਾਂ ਕਦੋਂ ਤੱਕ ਇਹ ਕੰਮ ਸ਼ੁਰੂ ਕੀਤਾ ਜਾਵੇਗਾ?

**ਸੂਬੇ ਵਿੱਚ ਚਲਾਏ ਜਾ ਰਹੇ ਦਸ ਰੈਜ਼ੀਡੈਂਸ਼ੀਅਲ ਮੈਰੀਟੋਰੀਅਸ ਸਕੂਲਾਂ ਦੀ ਤਾਜਾ ਸਥਿਤੀ**

*723. **ਡਾ. ਚਰਨਜੀਤ ਸਿੰਘ, ਐਮ.ਐਲ.ਏ.:-** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ)** ਕੀ ਸੂਬੇ ਵਿੱਚ ਦਸ ਰੈਜ਼ੀਡੈਂਸ਼ੀਅਲ ਮੈਰੀਟੋਰੀਅਸ ਸਕੂਲ ਪੰਜਾਬ ਸਰਕਾਰ ਦੇ ਖਰਚੇ ਤੇ ਚਲਾਏ ਜਾ ਰਹੇ ਹਨ; ਜੇਕਰ ਹਾਂ ਤਾਂ ਕੀ ਇਨ੍ਹਾਂ ਸਕੂਲਾਂ ਦੇ ਵਧੀਆ ਇਨਫ੍ਰਾਸਟ੍ਰਕਚਰ ਹੋਣ ਦੇ ਬਾਵਜੂਦ ਇਨ੍ਹਾਂ ਦੀ ਹਾਲਤ ਤਰਸਯੋਗ ਹੈ;

**ਅ)** ਕੀ ਇਨ੍ਹਾਂ ਸਕੂਲਾਂ ਨੂੰ ਸਕੂਲ ਆਫ ਐਮੀਨੈਂਸ ਵਿੱਚ ਤਬਦੀਲ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ;

**ੲ)** ਕੀ ਇਨ੍ਹਾਂ ਸਕੂਲਾਂ ਵਿੱਚ ਤਾਇਨਾਤ ਟੀਚਿੰਗ ਅਤੇ ਨਾਨ-ਟੀਚਿੰਗ ਸਟਾਫ ਨੂੰ ਪੱਕਾ ਕਰਨ ਦੀ ਕੋਈ ਸਮਾਂਬੱਧ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;

**ਸ)** ਕੀ ਇਨ੍ਹਾਂ ਸਕੂਲਾਂ ਦੇ ਨਾਮ ਦੇ ਅੱਗੇ ਸਰਕਾਰੀ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ, ਜੇ ਨਹੀਂ ਤਾਂ ਕੀ ਸਰਕਾਰ ਇਸ ਤੇ ਵਿਚਾਰ ਕਰੇਗੀ?

**ਨਗਰ ਕੌਂਸਲ ਜਲਾਲਾਬਾਦ (ਪ) ਦੀ ਪ੍ਰਾਪਰਟੀ ਕਿਰਾਏ ਤੇ ਦਿੱਤੇ ਜਾਣ ਦੇ ਵੇਰਵੇ**

*669. **ਸ਼੍ਰੀ ਜਗਦੀਪ ਕੰਬੋਜ (ਗੋਲਡੀ), ਐਮ.ਐਲ.ਏ.:-** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਨਗਰ ਕੌਂਸਲ ਜਲਾਲਾਬਾਦ (ਪ), ਜ਼ਿਲ੍ਹਾ ਫਾਜ਼ਿਲਕਾ ਕੋਲ ਕਿਹੜੀ-ਕਿਹੜੀ ਅਤੇ ਕਿਸ ਸ੍ਰੇਣੀ ਦੀ ਪ੍ਰਾਪਰਟੀ ਹੈ;

**ਅ)** ਕੀ ਇਸ ਪ੍ਰਾਪਰਟੀ ਨੂੰ ਨਗਰ ਕੌਂਸਲ ਜਲਾਲਾਬਾਦ (ਪ) ਵੱਲੋਂ ਕਿਰਾਏ ਤੇ ਦਿੱਤਾ ਹੋਇਆ ਹੈ; ਜੇਕਰ ਹਾਂ ਤਾਂ ਉਨ੍ਹਾਂ ਦੇ ਵੇਰਵੇ ਦਿੱਤੇ ਜਾਣ;

**ੲ)** ਹਰੇਕ ਅਲਾਟੀ (ਕਿਰਾਏਦਾਰ) ਕਿੰਨਾ ਕਿਰਾਇਆ ਦੇ ਰਿਹਾ ਹੈ ਅਤੇ ਕਿੰਨੇ ਸਮੇਂ ਬਾਅਦ ਕਿਰਾਇਆ ਵਧਾਇਆ ਜਾਂਦਾ ਹੈ?

**ਸਿਵਲ ਹਸਪਤਾਲ ਫਗਵਾੜਾ ਵਿਖੇ ਡਾਕਟਰ ਅਤੇ ਹੋਰ ਸਟਾਫ ਪੂਰਾ ਕਰਨਾ**

*748. **ਸਰਦਾਰ ਬਲਵਿੰਦਰ ਸਿੰਘ ਧਾਲੀਵਾਲ, ਐਮ.ਐਲ.ਏ.:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਿਵਲ ਹਸਪਤਾਲ ਫਗਵਾੜਾ ਵਿਖੇ ਐਮ.ਡੀ. ਡਾਕਟਰ (ਦਵਾਈਆਂ ਦੇ ਮਾਹਿਰ) ਅਤੇ ਹੋਰ ਸਟਾਫ ਦੀ ਘਾਟ ਹੈ; ਜੇਕਰ ਅਜਿਹਾ ਹੋਵੇ ਤਾਂ ਇੱਥੇ ਇਹ ਘਾਟ ਕਦੋਂ ਤੱਕ ਪੂਰੀ ਕਰ ਦਿੱਤੀ ਜਾਵੇਗੀ?

**ਹਲਕਾ ਨਿਹਾਲ ਸਿੰਘ ਵਾਲਾ ਦੇ ਪਿੰਡ ਦੀਨਾ ਸਾਹਿਬ ਵਿਖੇ ਇਤਿਹਾਸਿਕ ਯਾਦਗਾਰ ਬਣਾਉਣਾ**

*695. **ਸਰਦਾਰ ਮਨਜੀਤ ਸਿੰਘ ਬਿਲਾਸਪੁਰ, ਐਮ.ਐਲ.ਏ.:-** ਕੀ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਪਿੰਡ ਦੀਨਾ ਸਾਹਿਬ ਜਿਲ੍ਹਾ ਮੋਗਾ ਵਿਖੇ ਕੋਈ ਇਤਿਹਾਸਿਕ ਯਾਦਗਾਰ ਬਣਾਉਣਾ ਅਤੇ ਪਿੰਡ ਦੇ ਵਿਕਾਸ ਸਬੰਧੀ ਹੋਰ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਰਾਜ ਦੀਆਂ ਗਲੀਆਂ ਵਿੱਚ ਭੀਖ ਮੰਗਣ ਤੇ ਰੋਕ ਲਗਾਉਣਾ**

*683. **ਸ਼੍ਰੀ ਅਵਤਾਰ ਸਿੰਘ ਜੂਨੀਅਰ, ਐਮ.ਐਲ.ਏ.:-** ਕੀ ਸਮਾਜਿਕ ਸੁਰੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

**ੳ)** ਕੀ ਇਹ ਠੀਕ ਹੈ ਕਿ ਰਾਜ ਵਿਚ ਭੀਖ ਮੰਗਣ ਤੇ ਰੋਕ ਲਗਾਈ ਹੋਈ ਹੈ;

**ਅ)** ਸਾਲ 2022-23 ਵਿੱਚ ਰਾਜ ਵਿੱਚ ਪੁਨਰਵਾਸ ਕੀਤੇ ਭੀਖਾਰੀਆਂ ਦੀ ਕੁੱਲ ਗਿਣਤੀ ਕਿੰਨੀ ਹੈ;

**ੲ)** ਸਾਲ 2022-23 ਵਿੱਚ ਰਾਜ ਵਿਚ ਭੀਖ ਮੰਗਣ ਨੂੰ ਮੂਲੋਂ ਖਤਮ ਕਰਨ ਲਈ ਕਿਹੜੇ ਕਦਮ ਚੁੱਕੇ ਗਏ ਹਨ?

**ਫਤਿਹਗੜ੍ਹ ਚੂੜੀਆਂ ਤੋਂ ਅੰਮ੍ਰਿਤਸਰ ਰੋਡ ਦੀ ਮੁਰੰਮਤ ਕਰਵਾਉਣਾ**

*505. **ਸ਼੍ਰੀਮਤੀ ਗਨੀਵ ਕੌਰ ਮਜੀਠੀਆ, ਐਮ.ਐਲ.ਏ.:-** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਫਤਿਹਗੜ੍ਹ ਚੂੜੀਆਂ ਤੋਂ ਅੰਮ੍ਰਿਤਸਰ ਰੋਡ ਦੀ ਹਾਲਤ ਬਹੁਤ ਜਿਆਦਾ ਖਰਾਬ ਹੋਣ ਕਾਰਨ ਆਵਾਜਾਈ ਵਿੱਚ ਲੋਕਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਪਰਤੋਂ......**

**ਹਲਕਾ ਬਾਘਾਪੁਰਾਣਾ ਵਿੱਚ World ਕਲਾਸ ਸਟੇਡੀਅਮ ਬਣਾਉਣਾ**

***650. ਸਰਦਾਰ ਅੰਮ੍ਰਿਤਪਾਲ ਸਿੰਘ ਸੁਖਾਨੰਦ, ਐਮ.ਐਲ.ਏ.:–** ਕੀ ਖੇਡਾਂ ਅਤੇ ਯੁਵਕ ਸੇਵਾਵਾਂ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

ੳ) ਕੀ ਹਲਕਾ ਬਾਘਾਪੁਰਾਣਾ ਦੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸਾਹਿਤ ਕਰਨ ਲਈ ਕੋਈ World ਕਲਾਸ ਸਟੇਡੀਅਮ ਬਣਾਉਣ ਦੀ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ;

ਅ) ਕੀ ਸਰਕਾਰ ਦੀ ਪਹਿਲਾਂ ਤੋਂ ਸਹੂਲਤਾਂ ਤੋਂ ਅਧੂਰੇ ਪਏ ਗਰਾਉਂਡਾ ਨੂੰ ਹੀ ਸਟੇਡੀਅਮ ਵਿੱਚ ਤਬਦੀਲ ਕਰਨ ਦੀ ਕੋਈ ਯੋਜਨਾ ਹੈ; ਜੇਕਰ ਨਹੀਂ ਤਾਂ ਉਸਦੇ ਕਾਰਨ ਕੀ ਹਨ?

**ਕਟਾਹਰੀ ਤੋਂ ਰਾੜਾ ਸਾਹਿਬ ਜਾਣ ਵਾਲੀ ਨਹਿਰ ਤੇ ਬਣਿਆ ਪੁੱਲ ਚੌੜਾ ਕਰਨਾ**

***449. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ, ਐਮ.ਐਲ.ਏ.:–** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਟਾਹਰੀ ਤੋਂ ਰਾੜਾ ਸਾਹਿਬ ਜਾਣ ਵਾਲੀ ਨਹਿਰ ਤੇ ਬਣਿਆ ਪੁੱਲ ਕਾਫੀ ਕਮਜ਼ੋਰ ਹੈ ਅਤੇ ਆਵਾਜਾਈ ਲਈ ਸੁਰੱਖਿਅਤ ਨਹੀਂ ਹੈ; ਜੇਕਰ ਅਜਿਹਾ ਹੈ ਤਾਂ ਕੀ ਇਸ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਓਵਰਲੋਡ ਗੱਡੀਆਂ ਨੂੰ ਹਾਈਵੇ ਤੋਂ ਦੂਰੀ ਤੇ ਖੜੇ ਕਰਨਾ**

***715. ਡਾ. ਵਿਜੈ ਸਿੰਗਲਾ, ਐਮ.ਐਲ.ਏ.:–** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਭਿਆਨਕ ਸੜਕ ਹਾਦਸਿਆਂ ਨਾਲ ਲੋਕਾਂ ਦੀਆਂ ਕੀਮਤੀ ਜਾਨਾਂ ਜਾ ਰਹੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਐਕਸੀਡੈਂਟਾਂ ਨੂੰ ਕੰਟਰੋਲ ਕਰਨ ਲਈ ਓਵਰਲੋਡ ਗੱਡੀਆਂ ਨੂੰ ਸੜਕਾਂ ਤੋ ਫੌਰੀ ਦੂਰ ਕਰਨ ਦੀ ਸਰਕਾਰ ਦੀ ਕੋਈ ਤਜਵੀਜ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਐਸ.ਬੀ.ਐਸ. ਕਮ ਸਟੇਟ ਕਾਲਜ ਅਤੇ ਟੈਕਨੀਕਲ ਕੈਂਪਸ ਫਿਰੋਜਪੁਰ ਦੀ ਬਕਾਇਆ ਗ੍ਰਾਂਟ ਜਾਰੀ ਕਰਨਾ**

***765. ਸ਼੍ਰੀ ਰਜਨੀਸ਼ ਕੁਮਾਰ ਦਹੀਯਾ, ਐਮ.ਐਲ.ਏ.:–** ਕੀ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਐਸ.ਬੀ.ਐਸ. ਕਮ ਸਟੇਟ ਕਾਲਜ ਅਤੇ ਟੈਕਨੀਕਲ ਕੈਂਪਸ ਫਿਰੋਜਪੁਰ, ਹਲਕਾ ਫਿਰੋਜਪੁਰ ਦਿਹਾਤੀ ਵਿੱਚ ਬਣੀ ਹੋਈ ਹੈ, ਨੂੰ ਪਿਛਲੇ ਬਜਟ ਵਿੱਚ 30 ਕਰੋੜ ਰੁਪਏ ਦੀ ਗਰਾਂਟ ਮੰਜੂਰ ਕੀਤੀ ਗਈ ਸੀ, ਜਿਸ ਵਿੱਚੋਂ ਕਰੀਬ 15 ਕਰੋੜ ਰੁਪਏ ਦੀ ਗਰਾਂਟ ਜਾਰੀ ਹੋ ਚੁੱਕੀ ਹੈ; ਜੇਕਰ ਅਜਿਹਾ ਹੋਵੇ ਤਾਂ ਬਾਕੀ ਰਹਿੰਦੀ ਗਰਾਂਟ ਕਦੋਂ ਤੱਕ ਜਾਰੀ ਹੋ ਜਾਵੇਗੀ?

**ਹਲਕਾ ਬੁਢਲਾਡਾ ਵਿੱਚ ਹੋਰ ਸੁਵਿਧਾ ਕੇਦਰ ਖੋਲ੍ਹਣਾ**

***600. ਸ਼੍ਰੀ ਬੁੱਧ ਰਾਮ, ਐਮ.ਐਲ.ਏ.:–** ਕੀ ਪ੍ਰਸ਼ਾਸਨਿਕ ਸੁਧਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਬੁਢਲਾਡਾ ਵਿਖੇ ਸੁਵਿਧਾ ਕੇਦਰਾਂ ਦੀ ਬਹੁਤ ਘਾਟ ਹੈ, ਜੇਕਰ ਅਜਿਹਾ ਹੈ ਤਾਂ ਕੀ ਸਰਕਾਰ ਹਲਕਾ ਬੁਢਲਾਡਾ ਵਿੱਚ ਹੋਰ ਸੁਵਿਧਾ ਕੇਂਦਰ ਖੋਲ੍ਹਣ ਦੀ ਤਜਵੀਜ ਤੇ ਵਿਚਾਰ ਕਰੇਗੀ; ਜੇਕਰ ਹਾਂ ਤਾਂ ਕਦੋਂ ਤੱਕ?

**C.H.C. ਅੰਟਾਲਾ ਦੀਆਂ ਐਮਰਜੈਂਸੀ ਸੇਵਾਵਾਂ ਬਹਾਲ ਕਰਵਾਉਣ ਲਈ ਜਿੰਮੇਵਾਰ ਅਧਿਕਾਰੀ ਤਾਇਨਾਤ ਕਰਨਾ**

***641. ਸਰਦਾਰ ਕੁਲਜੀਤ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਕੀ ਇਹ ਠੀਕ ਹੈ ਕਿ ਸਬ ਡਵੀਜਨ ਡੇਰਾ ਬੱਸੀ ਦੇ ਰਿਮੋਟ ਰੂਰਲ ਏਰੀਆ ਹੰਡੇਸਰਾ ਸਰਕਲ ਵਿੱਚ ਐਮਰਜੈਂਸੀ ਸਿਹਤ ਸੇਵਾਵਾਂ ਪੂਰਨ ਤੌਰ ਤੇ ਬਹਾਲ ਕਰਨ/ਅੰਦਰੂਨੀ ਡੈਪੂਟੇਸ਼ਨਾ ਰੱਦ ਕਰਨ ਲਈ ਵਿਭਾਗੀ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਗਈ ਹੈ; ਜੇ ਕੀਤੀ ਗਈ ਹੈ ਤਾਂ ਕਿਹੜੇ ਕਿਹੜੇ ਮੈਂਬਰ ਇਸ ਕਮੇਟੀ ਵਿੱਚ ਸ਼ਾਮਿਲ ਹਨ;

**ਅ)** ਵਿਭਾਗ ਇਸ ਕਮੇਟੀ ਦੁਆਰਾ ਕਦੋਂ ਤੱਕ ਰੂਰਲ ਹਸਪਤਾਲ ਸੀ.ਐਚ.ਸੀ.ਅੰਟਾਲਾ ਦੀਆਂ ਐਮਰਜੈਂਸੀ ਸੇਵਾਵਾਂ/ ਐਮ.ਐਲ.ਸੀ. ਸੇਵਾਵਾਂ ਬਹਾਲ ਕਰਵਾਉਣ ਲਈ ਇਥੇ ਲੋੜੀਂਦੇ ਅਧਿਕਾਰੀ/ਕਰਮਚਾਰੀਆਂ ਨੂੰ ਮੁੜ ਤਾਇਨਾਤ ਕਰੇਗਾ?

**ਖੇਤੀਬਾੜੀ ਰੋਜਗਾਰ ਵਿੱਚ ਅਟੈਚਡ ਲੇਬਰ ਦੀਆਂ ਉਜਰਤਾਂ ਵਿੱਚ ਵਾਧਾ ਕਰਨਾ**

***739. ਡਾ. ਨਛੱਤਰ ਪਾਲ, ਐਮ.ਐਲ.ਏ.:–** ਕੀ ਕਿਰਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਰਾਜ ਵਿੱਚ ਖੇਤੀਬਾੜੀ ਰੋਜਗਾਰ ਵਿੱਚ ਅਟੈਚਡ ਲੇਬਰ ਦੀਆਂ ਉਜਰਤਾਂ (ਅਣ ਸਿੱਖਿਅਤ ਕਾਮੇ) ਸਲਾਨਾ ਖਾਣੇ ਸਮੇਤ ਜਾਂ ਬਰਾਬਰ ਦੇ ਅਨਾਜ ਸਮੇਤ ਮਿਤੀ 1 ਸਤੰਬਰ, 2022 ਤੋਂ ਸਰਕਾਰ ਵੱਲੋਂ 68,194.88 ਰੁਪਏ ਸਲਾਨਾ ਮਿੱਥੀ ਗਈ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਮੌਜੂਦਾ ਮਹਿਗਾਈ ਦੇ ਮੱਦੇਨਜ਼ਰ ਖੇਤੀਬਾੜੀ ਰੋਜਗਾਰ ਵਿੱਚ ਅਟੈਚਡ ਲੇਬਰ ਦੀਆਂ ਘੱਟੋ-ਘੱਟ ਉਜਰਤਾਂ ਵਿੱਚ ਵਾਧਾ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ਅਤੇ ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਢਿਲਵਾਂ ਤੋਂ ਤੱਲਣ ਸਾਹਿਬ ਗੁਰਦੁਆਰਾ ਤੋਂ ਕੋਟਲੀ ਥਾਨ ਸਿੰਘ ਸੜਕ ਦੀ ਉਸਾਰੀ ਦੇ ਵੇਰਵੇ**

***725. ਸ਼੍ਰੀ ਸੁਖਵਿੰਦਰ ਸਿੰਘ ਕੋਟਲੀ, ਐਮ.ਐਲ.ਏ.:–** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:–

**ੳ)** ਢਿਲਵਾਂ (ਰਾਮਾ ਮੰਡੀ, ਜਲੰਧਰ) ਤੋਂ ਤੱਲਣ ਸਾਹਿਬ ਗੁਰਦੁਆਰਾ ਤੋਂ ਕੋਟਲੀ ਥਾਨ ਸਿੰਘ ਸੜਕ ਦੀ ਉਸਾਰੀ ਦਾ ਕੰਮ ਕਦੋਂ ਸ਼ੁਰੂ ਹੋਵੇਗਾ ਅਤੇ ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਲਈ ਕਿੰਨਾ ਅਨੁਮਾਨਿਤ ਸਮਾਂ ਲੱਗੇਗਾ;

**ਅ)** ਇਸ ਸੜਕ ਤੇ ਲਗਭਗ ਕਿੰਨੀ ਰਕਮ ਖਰਚ ਕੀਤੀ ਜਾਵੇਗੀ?

**ਆਮ ਆਦਮੀ ਕਲਿਨਿਕਸ ਦੇ ਸਬੰਧ ਵਿੱਚ ਕੀਤੇ ਇਸ਼ਤਿਹਾਰਾਂ ਤੇ ਹੋਰ ਖਰਚੇ ਦੇ ਵੇਰਵੇ**

***754. ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ.:–** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਰਕਾਰ ਦੁਆਰਾ ਆਮ ਆਦਮੀ ਕਲਿਨਿਕਸ ਦੇ ਸਬੰਧ ਵਿੱਚ ਪ੍ਰਚਾਰ/ਇਸ਼ਤਿਹਾਰ ਜਾਰੀ ਕਰਨ ਲਈ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆਂ,ਸੋਸ਼ਲ ਮੀਡੀਆ, ਫਲੈਕਸ ਬੋਰਡ ਆਦਿ ਤੇ ਅਤੇ ਕਿਸੇ ਵੀ ਹੋਰ ਕਿਸਮ ਦੀ ਪ੍ਰਚਾਰ ਸਮੱਗਰੀ ਤੇ ਮਿਤੀ ਅੰਤ ਤੱਕ ਕਿੰਨਾ ਖਰਚ ਕੀਤਾ ਗਿਆ?

**ਹਲਕਾ ਖੇਮਕਰਨ ਵਿਚ ਬਿਜਲੀ ਬੋਰਡ ਦੇ ਐਸ.ਡੀ.ਓਜ਼. ਅਤੇ ਜੇ.ਈਜ਼ ਦੀਆਂ ਮਨਜੂਰ-ਸ਼ੁਦਾ ਅਸਾਮੀਆਂ ਦੇ ਵੇਰਵੇ**

***538. ਸਰਦਾਰ ਸਰਵਨ ਸਿੰਘ ਧੁੰਨ, ਐਮ.ਐਲ.ਏ.:–** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਖੇਮਕਰਨ ਵਿੱਚ ਬਿਜਲੀ ਬੋਰਡ ਦੇ ਐਸ.ਡੀ.ਓਜ਼ ਅਤੇ ਜੇ.ਈਜ਼. ਦੀਆਂ ਕਿੰਨੀਆਂ ਆਸਾਮੀਆਂ ਮਨਜ਼ੂਰਸ਼ੁਦਾ ਹਨ ਅਤੇ ਕਿੰਨੀਆਂ ਖਾਲੀ ਹਨ; ਅਤੇ ਇਹ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ?

**ਚੰਡੀਗੜ੍ਹ**
**ਮਿਤੀ 07 ਮਾਰਚ, 2023**

**ਸੁਰਿੰਦਰ ਪਾਲ,**
**ਸਕੱਤਰ,**
**ਪੰਜਾਬ ਵਿਧਾਨ ਸਭਾ।**

**ਨੋਟ:– ਜੇਕਰ ਕੋਈ ਪ੍ਰਸ਼ਨ ਕਿਸੇ ਦੂਜੇ ਵਿਭਾਗ ਨੂੰ ਤਬਦੀਲ ਹੁੰਦਾ ਹੈ ਤਾਂ ਉਹ ਉਸੇ ਵਿਭਾਗ ਦਾ ਹੀ ਸਮਝਿਆ ਜਾਵੇਗਾ, ਜਿਸਨੂੰ ਤਬਦੀਲ ਕੀਤਾ ਗਿਆ ਹੈ।**